## ਪਾਣੀ ਦੇ ਮੀਟਰ ਬਦਲਣ ਦਾ ਪ੍ਰੋਗਰਾਮ

ਕੈਲਗਰੀ ਸ਼ਹਿਰ ਰਿਹਾਇਸ਼ੀ ਅਤੇ ਕਾਰੋਬਾਰੀ ਪਾਣੀ ਦੇ ਮੀਟਰਾਂ ਨੂੰ ਬਦਲਣ ਲਈ ਇੱਕ ਬਹੁ-ਸਾਲਾ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ, ਜੋ ਕਿ ਅੱਪਡੇਟ ਕੀਤੀ ਤਕਨਾਲੋਜੀ ਨਾਲ ਲੈਸ ਹੋਣਗੇ ਜੋ ਤੁਹਾਡੇ ਪਾਣੀ ਦੇ ਮੀਟਰ ਦੀਆਂ ਰੀਡਿੰਗਾਂ ਨੂੰ ਇਕੱਠਾ ਕਰਨ ਦੇ ਤਰੀਕੇ ਨੂੰ ਬਿਹਤਰ ਬਣਾਏਗੀ।

## ਸਾਨੂੰ ਆਪਣਾ ਮੀਟਰ ਬਦਲਣ ਦੀ ਲੋੜ ਕਿਉਂ ਹੈ?

ਮੌਜੂਦਾ ਪਾਣੀ ਦੇ ਮੀਟਰਾਂ ਦੀ ਉਮਰ ਆਮ ਤੌਰ 'ਤੇ 15 ਤੋਂ 20 ਸਾਲ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਯੰਤਰ ਆਪਣੇ ਜੀਵਨ ਦੇ ਅੰਤ ਤੱਕ ਪਹੁੰਚ ਰਹੇ ਹਨ ਅਤੇ ਭਰੋਸੇਯੋਗ ਮੀਟਰ ਰੀਡਿੰਗ ਅਤੇ ਨਿਰੰਤਰ ਬਿਲਿੰਗ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਸਰਗਰਮੀ ਨਾਲ ਬਦਲਿਆ ਜਾ ਰਿਹਾ ਹੈ।

ਅੱਪਡੇਟ ਕੀਤੇ ਮੀਟਰ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਦੇ ਹਨ ਜੋ ਪੂਰੇ ਦਿਨ ਸਿਟੀ ਨੂੰ ਪਾਣੀ ਦੇ ਮੀਟਰ ਦੀ ਰੀਡਿੰਗ ਭੇਜਦੇ ਹਨ, ਜਿਸ ਨਾਲ ਮੀਟਰ ਰੀਡਿੰਗ ਕੁਸ਼ਲਤਾ ਵਧਦੀ ਹੈ। ਨਵੇਂ ਮੀਟਰ ਸਿਟੀ ਨੂੰ ਲੀਕਾਂ ਦਾ ਪਤਾ ਲਗਾਉਣ, ਬਿਲਿੰਗ ਪੁੱਛਗਿੱਛ ਅਤੇ ਪਾਣੀ ਦੀ ਸੰਭਾਲ ਦੇ ਸੰਬੰਧ ਵਿੱਚ ਬਿਹਤਰ ਕਸਟਮਰ ਸਰਵਿਸ ਪ੍ਰਦਾਨ ਕਰਨ ਵਿੱਚ ਵੀ ਮਦਦ ਕਰਨਗੇ।

## ਤੁਸੀਂ ਕੀ ਉਮੀਦ ਕਰ ਸਕਦੇ ਹੋ

ਜਦੋਂ ਟੈਕਨੀਸ਼ੀਅਨ ਤੁਹਾਡੇ ਇਲਾਕੇ ਵਿੱਚ ਹੋਣਗੇ, ਤਾਂ ਤੁਹਾਨੂੰ ਸਿਟੀ ਤੋਂ ਡਾਕ ਰਾਹੀਂ ਇੱਕ ਪੱਤਰ ਪ੍ਰਾਪਤ ਹੋਵੇਗਾ ਜਿਸ ਵਿੱਚ ਤੁਹਾਡੇ ਲਈ ਸੁਵਿਧਾਜਨਕ ਸਮੇਂ 'ਤੇ ਅਪਾਇੰਟਮੈਂਟ ਕਿਵੇਂ ਬੁੱਕ ਕਰਨੀ ਹੈ ਬਾਰੇ ਮਹੱਤਵਪੂਰਨ ਜਾਣਕਾਰੀ ਹੋਵੇਗੀ।

ਇੰਸਟਾਲੇਸ਼ਨ ਨੂੰ ਪੂਰਾ ਕਰਨ ਲਈ ਆਮ ਤੌਰ 'ਤੇ 45 ਮਿੰਟ ਲੱਗਦੇ ਹਨ, ਅਤੇ ਤੁਹਾਨੂੰ ਉਪਕਰਣ ਜਾਂ ਇੰਸਟਾਲੇਸ਼ਨ ਲਈ ਕੋਈ ਵਾਧੂ ਖਰਚਾ ਨਹੀਂ ਕਰਨਾ ਪੈਂਦਾ।

## ਅਧਿਕਾਰਤ ਇੰਸਟਾਲੇਸ਼ਨ ਕੰਪਨੀ

KTI ਯੂਟਿਲਿਟੀ ਸਰਵਿਸਿਜ਼ ਪਾਣੀ ਦੇ ਮੀਟਰ ਲਗਾਉਣ ਲਈ ਸਿਟੀ ਦਾ ਅਧਿਕਾਰਤ ਠੇਕੇਦਾਰ ਹੈ। KTI ਟੈਕਨੀਸ਼ੀਅਨਾਂ ਦੀ ਪਛਾਣ, ਪਛਾਣ ਬੈਜ ਵਾਲੀ KTI ਵਰਦੀ ਦੁਆਰਾ ਕੀਤੀ ਜਾ ਸਕਦੀ ਹੈ।

**ਅਸੀਂ ਆਪਣੇ ਪਾਣੀ ਦੇ ਮੀਟਰ ਸਿਸਟਮ ਨੂੰ ਬਿਹਤਰ ਬਣਾਉਣ ਲਈ ਤੁਹਾਡੇ ਸਹਿਯੋਗ ਦੀ ਸ਼ਲਾਘਾ ਕਰਦੇ ਹਾਂ।**
**ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, calgary.ca/watermeter ਵੇਖੋ**

**ਔਨਲਾਈਨ ਬੁਕਿੰਗ ਐਕਸੈਸ ਕੋਡ:** ਆਪਣੇ ਬੁਕਿੰਗ ਐਕਸੈਸ ਕੋਡ ਲਈ ਤੁਹਾਨੂੰ ਭੇਜੇ ਗਏ ਪੱਤਰ ਨੂੰ ਵੇਖੋ ਜਾਂ KTI ਯੂਟਿਲਿਟੀ ਸਰਵਿਸਿਜ਼ ਨਾਲ 1-833-543-8807 'ਤੇ ਸੰਪਰਕ ਕਰੋ।

## ਪਾਣੀ ਦੇ ਮੀਟਰ ਬਦਲਣ ਦਾ ਪ੍ਰੋਗਰਾਮ - ਅਪੌਇੰਟਮੈਂਟ ਦੀ ਲੋੜ ਹੈ

ਪਿਆਰੇ ਮਾਲਕ / ਨਿਵਾਸੀ:

ਸਿਟੀ ਔਫ ਕੈਲਗਰੀ ਰਿਹਾਇਸ਼ੀ ਅਤੇ ਕਾਰੋਬਾਰੀ ਪਾਣੀ ਦੇ ਮੀਟਰਾਂ ਨੂੰ ਬਦਲਣ ਲਈ ਇੱਕ ਬਹੁ-ਸਾਲਾ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ, ਜੋ ਕਿ ਅੱਪਡੇਟ ਕੀਤੀ ਤਕਨਾਲੋਜੀ ਨਾਲ ਲੈਸ ਹੈ, ਜੋ ਤੁਹਾਡੇ ਪਾਣੀ ਦੇ ਮੀਟਰ ਦੀਆਂ ਰੀਡਿੰਗਾਂ ਨੂੰ ਇਕੱਠਾ ਕਰਨ ਦੇ ਤਰੀਕੇ ਵਿੱਚ ਸੁਧਾਰ ਕਰੇਗਾ।

ਮੌਜੂਦਾ ਪਾਣੀ ਦੇ ਮੀਟਰਾਂ ਦੀ ਉਮਰ ਆਮ ਤੌਰ 'ਤੇ 15 ਤੋਂ 20 ਸਾਲ ਹੈ। ਇਹਨਾਂ ਮੀਟਰਾਂ ਨੂੰ ਉਹਨਾਂ ਦੇ ਜੀਵਨ ਕਾਲ ਦੇ ਅੰਤ ਤੋਂ ਪਹਿਲਾਂ ਸਰਗਰਮੀ ਨਾਲ ਬਦਲਿਆ ਜਾ ਰਿਹਾ ਹੈ ਤਾਂ ਜੋ ਮੀਟਰ ਰੀਡਿੰਗ ਅਤੇ ਬਿਲਿੰਗ ਸ਼ੁੱਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਅੱਪਡੇਟ ਕੀਤੇ ਮੀਟਰ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਦੇ ਹਨ ਜੋ ਦਿਨ ਭਰ ਸਿਟੀ ਨੂੰ ਪਾਣੀ ਦੇ ਮੀਟਰ ਦੀ ਰੀਡਿੰਗ ਭੇਜਦੇ ਹਨ, ਜਿਸ ਨਾਲ ਕਾਰਜਸ਼ੀਲ ਕੁਸ਼ਲਤਾ ਵਧਦੀ ਹੈ ਅਤੇ ਸਾਨੂੰ ਤੁਹਾਨੂੰ ਬਿਹਤਰ ਕਸਟਮਰ ਸਰਵਿਸ ਪ੍ਰਦਾਨ ਕਰਨ ਦੇ ਯੋਗ ਬਣਾਉਂਦੀ ਹੈ।

KTI ਯੂਟਿਲਿਟੀ ਸਰਵਿਸਿਜ਼, ਪਾਣੀ ਦੇ ਮੀਟਰਾਂ ਦੀ ਇੰਸਟਾਲੇਸ਼ਨ  ਲਈ ਸਿਟੀ ਦਾ ਅਧਿਕਾਰਤ ਠੇਕੇਦਾਰ ਹੈ ਅਤੇ ਇੰਸਟਾਲੇਸ਼ਨ ਨੂੰ ਪੂਰਾ ਕਰਨ ਲਈ ਤੁਹਾਡੀ ਪ੍ਰਾਪਰਟੀ ਤੱਕ ਪਹੁੰਚ ਦੀ ਲੋੜ ਹੋਵੇਗੀ। ਉਪਕਰਣ ਜਾਂ ਇੰਸਟਾਲੇਸ਼ਨ ਲਈ ਤੁਹਾਡੇ ਤੋਂ ਕੋਈ ਵਾਧੂ ਖਰਚਾ ਨਹੀਂ ਲਿਆ ਜਾਵੇਗਾ, ਅਤੇ ਬਦਲਣ ਨਾਲ ਤੁਹਾਡੀ ਪਾਣੀ ਸੇਵਾ, ਉਪਯੋਗਤਾ ਬਿੱਲ, ਬਿਲਿੰਗ ਸ਼ਡਿਊਲ ਜਾਂ ਤੁਸੀਂ ਆਪਣਾ ਬਿੱਲ ਕਿਵੇਂ ਪ੍ਰਾਪਤ ਕਰਦੇ ਹੋ, ਇਸ 'ਤੇ ਕੋਈ ਅਸਰ ਨਹੀਂ ਪਵੇਗਾ।

## ਆਪਣੀ ਅਪਾਇੰਟਮੈਂਟ ਔਨਲਾਈਨ ਬੁੱਕ ਕਰੋ

KTI ਯੂਟਿਲਿਟੀ ਸਰਵਿਸਿਜ਼ ਟੈਕਨੀਸ਼ੀਅਨ ਹੁਣ ਸੀਮਤ ਸਮੇਂ ਲਈ ਤੁਹਾਡੇ ਖੇਤਰ ਵਿੱਚ ਹਨ। ਔਸਤਨ, ਇੰਸਟਾਲੇਸ਼ਨ ਨੂੰ ਪੂਰਾ ਹੋਣ ਲਈ ਆਮ ਤੌਰ 'ਤੇ 45 ਮਿੰਟ ਲੱਗਦੇ ਹਨ। ਅਪਾਇੰਟਮੈਂਟ ਵਿੰਡੋਜ਼ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹਨ।

**ਔਨਲਾਈਨ ਬੁੱਕ ਕਰੋ**
ਕcalgary.ca/watermeter

**KTI ਉਪਯੋਗਤਾ ਸੇਵਾਵਾਂ ਨੂੰ ਕਾਲ ਕਰੋ**

1-833-543-8807

ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 8 ਵਜੇ ਤੋਂ ਰਾਤ  8 ਵਜੇ ਤੱਕ।
ਸ਼ਨੀਵਾਰ: ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ।

## ਤੁਹਾਨੂੰ ਬੁੱਕ ਕਰਨ ਲਈ ਕੀ ਚਾਹੀਦਾ ਹੈ:

1. ਤੁਹਾਡਾ ਔਨਲਾਈਨ ਬੁਕਿੰਗ ਐਕਸੈਸ ਕੋਡ ਇਸ ਪੱਤਰ ਦੇ ਸਿਖਰ 'ਤੇ ਸਥਿਤ ਹੈ।
2. ਤੁਹਾਡੇ ਨਿਵਾਸ ਜਾਂ ਕਾਰੋਬਾਰ ਲਈ ਨਵੀਨਤਮ ਸੰਪਰਕ ਜਾਣਕਾਰੀ।

**ਕਿਰਪਾ ਕਰਕੇ ਇਹ ਪੱਤਰ ਮਿਲਣ ਦੇ ਦੋ ਹਫ਼ਤਿਆਂ ਦੇ ਅੰਦਰ-ਅੰਦਰ ਆਪਣੀ ਇੰਸਟਾਲੇਸ਼ਨ ਅਪੌਇੰਟਮੈਂਟ ਬੁੱਕ ਕਰੋ** ।

## ਆਪਣੀ ਇੰਸਟਾਲੇਸ਼ਨ ਲਈ ਤਿਆਰੀ ਕਰਨਾ

KTI ਯੂਟਿਲਿਟੀ ਸਰਵਿਸਿਜ਼ ਨੂੰ ਤੁਹਾਡੇ ਮੌਜੂਦਾ ਵਾਟਰ ਮੀਟਰ ਅਤੇ ਮੁੱਖ ਸ਼ੱਟ-ਆਫ ਵਾਲਵ ਤੱਕ ਪਹੁੰਚ ਦੀ ਲੋੜ ਹੁੰਦੀ ਹੈ, ਜੋ ਕਿ ਆਮ ਤੌਰ 'ਤੇ ਤੁਹਾਡੇ ਬੇਸਮੈਂਟ ਵਿੱਚ ਸਥਿਤ ਹੁੰਦਾ ਹੈ ਜਿੱਥੇ ਤੁਹਾਡੀ ਵਾਟਰ ਸਰਵਿਸ ਲਾਈਨ ਤੁਹਾਡੀ ਪ੍ਰਾਪਰਟੀ ਵਿੱਚ ਆਉਂਦੀ ਹੈ।

- ਯਕੀਨੀ ਬਣਾਓ ਕਿ ਤੁਹਾਡਾ ਪਾਣੀ ਦਾ ਮੀਟਰ ਅਤੇ ਬੰਦ ਕਰਨ ਵਾਲਾ ਵਾਲਵ ਪਹੁੰਚਯੋਗ ਹਨ।
- ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਘਰ ਦੇ ਮਾਲਕ ਇਹ ਜਾਂਚ ਕਰਨ ਕਿ ਉਨ੍ਹਾਂ ਦਾ ਪਾਣੀ ਬੰਦ ਕਰਨ ਵਾਲਾ ਵਾਲਵ ਕੰਮ ਕਰ ਰਿਹਾ ਹੈ। ਜੇਕਰ ਵਾਲਵ ਫਸਿਆ ਹੋਇਆ ਹੈ, ਤਾਂ ਮੀਟਰ ਨੂੰ ਬਦਲਣ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ ਜਾਂ ਵਾਧੂ ਅਪੌਇੰਟਮੈਂਟਾਂ ਦੀ ਲੋੜ ਪੈ ਸਕਦੀ ਹੈ।
- ਯਕੀਨੀ ਬਣਾਓ ਕਿ ਪਹੁੰਚ ਪ੍ਰਦਾਨ ਕਰਨ ਲਈ ਇੱਕ ਬਾਲਗ (18+ ਸਾਲ) ਉਪਲਬਧ ਹੈ।

**ਠੇਕੇਦਾਰ**

## ਪ੍ਰੋਗਰਾਮ ਦੇ ਲਾਭ

### ਵਧੀ ਹੋਈ ਕਾਰਜਸ਼ੀਲ ਕੁਸ਼ਲਤਾ

ਵਰਤਮਾਨ ਵਿੱਚ, ਤੁਹਾਡੇ ਪਾਣੀ ਦੇ ਮੀਟਰ ਦੀਆਂ ਰੀਡਿੰਗਾਂ ਇੱਕ ਡਰਾਈਵ-ਬਾਈ ਸਿਸਟਮ ਦੀ ਵਰਤੋਂ ਕਰਕੇ ਇਕੱਠੀਆਂ ਕੀਤੀਆਂ ਜਾਂਦੀਆਂ ਹਨ, ਜਿੱਥੇ ਮੀਟਰ ਰੀਡਰ ਤੁਹਾਡੇ ਘਰ ਜਾਂ ਕਾਰੋਬਾਰ ਵਿੱਚੋਂ ਲੰਘਦੇ ਸਮੇਂ ਮਹੀਨਾਵਾਰ ਡੇਟਾ ਦੀਆਂ ਡਿਜੀਟਲ ਰੀਡਿੰਗਾਂ ਇਕੱਠੀਆਂ ਕਰਦੇ ਹਨ। ਨਵੇਂ ਮੀਟਰਾਂ ਵਿੱਚ ਇਹ ਲੋੜ ਨਹੀਂ ਹੁੰਦੀ, ਕਿਉਂਕਿ ਉਹ ਤੁਹਾਡੇ ਪਾਣੀ ਦੇ ਮੀਟਰ ਦੀਆਂ ਰੀਡਿੰਗਾਂ ਨੂੰ ਕੈਲਗਰੀ ਸਿਟੀ ਨੂੰ ਰਿਮੋਟ ਢੰਗ ਨਾਲ ਭੇਜਣ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਦੇ ਹਨ।

### ਪਾਣੀ ਦੀ ਖਪਤ ਵਿੱਚ ਸੁਧਾਰ, ਲੀਕ ਦਾ ਪਤਾ ਲਗਾਉਣਾ ਅਤੇ ਪਾਣੀ ਸੰਭਾਲ ਸੰਬੰਧੀ ਸੂਝ-ਬੂਝ

ਨਵੀਂ ਉੱਨਤ ਤਕਨਾਲੋਜੀ ਸਿਟੀ ਨੂੰ ਬਿੱਲ ਪੁੱਛਗਿੱਛ, ਲੀਕ ਦਾ ਪਤਾ ਲਗਾਉਣ ਅਤੇ ਸਾਡੇ ਗਾਹਕਾਂ ਦੁਆਰਾ ਪਾਣੀ ਦੀ ਸੰਭਾਲ ਦੇ ਯਤਨਾਂ ਵਿੱਚ ਸਹਾਇਤਾ ਕਰਨ ਸੰਬੰਧੀ ਬਿਹਤਰ ਕਸਟਮਰ ਸਰਵਿਸ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਕੀ ਸਾਰੇ ਪਾਣੀ ਦੇ ਮੀਟਰ ਬਦਲੇ ਜਾ ਰਹੇ ਹਨ?

ਨਹੀਂ। ਜੇਕਰ ਤੁਹਾਡਾ ਮੀਟਰ ਹਾਲ ਹੀ ਵਿੱਚ ਬਦਲਿਆ ਗਿਆ ਹੈ ਜਾਂ ਤੁਸੀਂ ਕਿਸੇ ਨਵੀਂ ਬਣੀ ਪ੍ਰਾਪਰਟੀ ਵਿੱਚ ਰਹਿੰਦੇ ਹੋ, ਤਾਂ ਤੁਹਾਡਾ ਪਾਣੀ ਦਾ ਮੀਟਰ ਨਹੀਂ ਬਦਲਿਆ ਜਾਵੇਗਾ। ਹਾਲਾਂਕਿ, ਮੀਟਰ ਰੀਡਿੰਗ ਦੇ ਤਰੀਕੇ ਨੂੰ ਆਧੁਨਿਕ ਬਣਾਉਣ ਲਈ ਮੀਟਰ ਰੀਡਿੰਗ ਡਿਵਾਈਸ ਲਗਾਉਣ ਲਈ ਅਜੇ ਵੀ ਇੱਕ ਅਪੌਇੰਟਮੈਂਟ ਦੀ ਲੋੜ ਹੈ।

ਕੈਲਗਰੀ ਭਰ ਵਿੱਚ ਜ਼ਿਆਦਾਤਰ ਘਰਾਂ ਅਤੇ ਕਾਰੋਬਾਰਾਂ ਵਿੱਚ ਮੀਟਰ ਹਨ ਜੋ ਆਪਣੀ ਉਪਯੋਗੀ ਜ਼ਿੰਦਗੀ ਦੇ ਅੰਤ ਦੇ ਨੇੜੇ ਆ ਰਹੇ ਹਨ। ਉਨ੍ਹਾਂ ਦਾ ਪਾਣੀ ਦਾ ਮੀਟਰ ਅਤੇ ਇੱਕ ਨਵਾਂ ਮੀਟਰ ਰੀਡਿੰਗ ਯੰਤਰ ਦੋਵੇਂ ਲਗਾਏ ਜਾਣਗੇ।

### ਕੀ ਮੈਂ ਇੰਸਟਾਲੇਸ਼ਨ ਤੋ ਨਾ ਕਰਵਾਉਣ ਦਾ ਚੋਣ ਕਰ ਸਕਦਾ/ਦੀ ਹਾਂ?

ਆਧੁਨਿਕ ਮੀਟਰ ਰੀਡਿੰਗ ਯੰਤਰਾਂ ਵਾਲੇ ਪਾਣੀ ਦੇ ਮੀਟਰ ਸਾਰੇ ਗਾਹਕਾਂ ਲਈ ਸਿਟੀ ਦੇ ਮਿਆਰੀ ਪਾਣੀ ਦੇ ਮੀਟਰ ਹੋਣਗੇ। ਜਲ ਉਪਯੋਗਤਾ ਉਪ-ਨਿਯਮ ਦੇ ਅਨੁਸਾਰ, ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ।

### ਕੀ ਮੈਨੂੰ ਇੰਸਟਾਲੇਸ਼ਨ ਤੋਂ ਬਾਅਦ ਮੀਟਰ ਦੀ ਜਾਂਚ ਕਰਨ ਦੀ ਲੋੜ ਹੈ?

ਪ੍ਰਾਪਰਟੀ ਦੇ ਮਾਲਕਾਂ ਨੂੰ ਇੰਸਟਾਲੇਸ਼ਨ ਤੋਂ ਬਾਅਦ ਪਹਿਲੇ 24 ਘੰਟਿਆਂ ਦੇ ਅੰਦਰ ਆਪਣੇ ਮੀਟਰ ਦੀ ਜਾਂਚ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਕਿਸੇ ਦੁਰਲੱਭ ਸਥਿਤੀ ਵਿੱਚ ਜਦੋਂ ਕੋਈ ਸਮੱਸਿਆ ਆਉਂਦੀ ਹੈ, ਤਾਂ ਕਿਰਪਾ ਕਰਕੇ KTI ਉਪਯੋਗਤਾ ਸੇਵਾਵਾਂ ਨਾਲ 1-833-543-8807 'ਤੇ ਸੰਪਰਕ ਕਰੋ।

### ਜੇਕਰ ਮੈਨੂੰ ਕੋਈ ਚਿੰਤਾਵਾਂ ਹਨ ਤਾਂ ਮੈਨੂੰ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਪਾਣੀ ਦੇ ਮੀਟਰ ਬਦਲਣ ਦੇ ਪ੍ਰੋਗਰਾਮ ਨਾਲ ਸਬੰਧਤ ਚਿੰਤਾਵਾਂ ਲਈ, ਕਿਰਪਾ ਕਰਕੇ KTI ਉਪਯੋਗਤਾ ਸੇਵਾਵਾਂ ਨਾਲ
1-833-543-8807 'ਤੇ ਸੰਪਰਕ ਕਰੋ।

## ਹੋਰ ਜਾਣਕਾਰੀ

ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ **calgary.ca/watermeter** ' ਤੇ ਜਾਓ।